## ਦਫ਼ਤਰ ਸਿਵਲ ਜੱਜ (ਸੀਨੀਅਰ ਡਵੀਜਨ), ਬਠਿੰਡਾ

## ਨਿਲਾਮੀ ਨੋਟਿਸ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੂਡੀਸ਼ੀਅਲ ਕੋਰਟ ਕੰਪਲੈਕਸ, ਬਠਿੰਡਾ, ਤਲਵੰਡੀ ਸਾਬੋ ਅਤੇ ਫੂਲ ਵਿਖੇ, ਕੰਟੀਨ, ਪਾਰਕਿੰਗ, ਕੋਰਟ ਕੰਪਲੈਕਸ ਦੀ ਬਿਲਡਿੰਗ ਵਿੱਚ ਦੁਕਾਨਾਂ (ਵੇਰਵਾ ਹੇਠ ਦਿੱਤੇ ਅਨੁਸਾਰ) ਦਾ ਠੇਕਾ ਸਾਲ 2024-25 ਮਿਤੀ 01.04.2024 ਤੋਂ ਮਿਤੀ 31.03.2025 ਤੱਕ ਲਈ ਨਿਲਾਮੀ ਖੁੱਲੀ ਬੋਲੀ ਰਾਹੀਂ ਮਿਤੀ 13.03.2024 ਨੂੰ ਦੁਪਹਿਰ 1 ਵਜੇ ਏ.ਡੀ.ਆਰ. ਸੈਂਟਰ, ਕੋਰਟ ਕੰਪਲੈਕਸ, ਬਠਿੰਡਾ ਵਿਖੇ ਕੀਤੀ ਜਾਵੇਗੀ। ਫੂਲ ਅਤੇ ਤਲਵੰਡੀ ਸਾਬੋ ਡਵੀਜਨਾਂ ਦੇ ਸਥਾਨ ਦੀ ਨਿਲਾਮੀ ਮਿਤੀ 13.03.2024 ਨੂੰ ਸ਼ਾਮ 4 ਵਜੇ ਸਬੰਧਤ ਸਬ ਡਵੀਜਨਾਂ ਦੇ ਕੋਰਟ ਕੰਪਲੈਕਸ ਵਿਖੇ ਹੋਵੇਗੀ। ਬੋਲੀ ਮਨਜੂਰ ਹੋਣ ਵਾਲੇ ਵਿਅਕਤੀ ਨੂੰ ਬੋਲੀ ਦਾ 1/4 ਹਿੱਸਾ ਮੌਕਾ ਤੇ ਜਮ੍ਹਾਂ ਕਰਵਾਉਣਾ ਹੋਵੇਗਾ ਅਤੇ ਬਾਕੀ ਰਹਿੰਦੀ ਰਕਮ ਦਾ 1/4 ਹਿੱਸਾ ਮਿਤੀ 08.07.2024 ਤੱਕ ਜਮ੍ਹਾਂ ਕਰਵਾਉਣਾ ਹੋਵੇਗਾ, 1/4 ਹਿੱਸਾ ਮਿਤੀ 08.10.2024 ਤੱਕ ਜਮ੍ਹਾਂ ਕਰਵਾਉਣਾ ਹੋਵੇਗਾ ਅਤੇ ਰਹਿੰਦੀ ਰਕਮ ਮਿਤੀ 10.01.2025 ਤੱਕ ਜਮ੍ਹਾਂ ਕਰਵਾਉਣੀ ਹੋਵੇਗੀ। ਬੋਲੀ ਦੀਆਂ ਬਾਕੀ ਸ਼ਰਤਾ ਮੌਕੇ ਤੇ ਦੱਸੀਆਂ ਜਾਣਗੀਆਂ। ਸਾਈਟਾਂ ਦੀ ਜਗ੍ਹਾ ਦਾ ਮੁਆਇਨਾ ਬੋਲੀ ਸ਼ੁਰੂ ਹੋਣ ਤੋਂ 2 ਘੰਟੇ ਪਹਿਲਾਂ ਕਰਵਾ ਦਿੱਤਾ ਜਾਵੇਗਾ। ਕਿਸੇ ਵੀ ਸਾਬਕਾ ਠੇਕੇਦਾਰ, ਜਿਸ ਵੱਲ ਸਰਕਾਰੀ ਬਕਾਇਆ ਹੋਵੇਗਾ, ਉਸਨੂੰ ਬੋਲੀ ਦੇਣ ਦਾ ਹੱਕ ਨਹੀਂ ਹੈ। ਉਕਤ ਦਿੱਤੇ ਹੋਏ ਸਮੇਂ ਤੇ ਜੋ ਕਿਸ਼ਤ ਜਮ੍ਹਾਂ ਨਹੀਂ ਕਰਵਾਏਗਾ, ਉਸਦਾ ਠੇਕਾ ਕੈਂਸਲ ਕਰ ਦਿੱਤਾ ਜਾਵੇਗਾ। ਵਧੇਰੇ ਜਾਣਕਾਰੀ ਲਈ ਨਿਮਨ-ਹਸਤਾਖਰ ਦੇ ਦਫ਼ਤਰ ਵਿੱਚ ਸੰਪਰਕ ਕਰ ਸਕਦੇ ਹੋ। ਠੇਕੇ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

| ਲੜੀ ਨੰਬਰ | ਬੋਲੀ ਦਾ ਸਥਾਨ | ਜਿਸਦਾ ਠੇਕਾ ਮੰਗਿਆ ਗਿਆ ਹੈ | ਰਿਜ਼ਰਵ ਕੀਮਤ |
|---|---|---|---|
| 1 | ਜੂਡੀਸ਼ੀਅਲ ਕੋਰਟ ਕੰਪਲੈਕਸ, ਬਠਿੰਡਾ | ਕੰਟੀਨ | ਤਿੰਨ ਲੱਖ ਰੁਪਏ |
| 2 | ਜੂਡੀਸ਼ੀਅਲ ਕੋਰਟ ਕੰਪਲੈਕਸ, ਬਠਿੰਡਾ | ਪਾਰਕਿੰਗ | ਪਚੱਤਰ ਹਜ਼ਾਰ ਰੁਪਏ |
| 3 | ਦੁਕਾਨ ਨੰਬਰ 1 | ਫੋਟੋ ਸਟੇਟ ਸਰਵਿਸ | ਪੰਜਾਹ ਹਜ਼ਾਰ ਰੁਪਏ |
| 4 | ਦੁਕਾਨ ਨੰਬਰ 2 | ਪਟੀਸ਼ਨ ਰਾਈਟਰ/ਕੰਪਿਊਟਰ ਰਾਈਟਰ/ਸਟੇਸ਼ਨਰੀ/ਸਟੈਂਪ ਵੈਂਡਰ | ਪੰਜਾਹ ਹਜ਼ਾਰ ਰੁਪਏ |
| 5 | ਦੁਕਾਨ ਨੰਬਰ 3 | ਸਟੇਸ਼ਨਰੀ/ਸਟੈਂਪ ਵੈਂਡਰ | ਪੰਜਾਹ ਹਜ਼ਾਰ ਰੁਪਏ |
| ਲੜੀ ਨੰਬਰ | ਬੋਲੀ ਦਾ ਸਥਾਨ | ਜਿਸਦਾ ਠੇਕਾ ਮੰਗਿਆ ਗਿਆ ਹੈ | ਰਿਜ਼ਰਵ ਕੀਮਤ |
| 1 | ਜੂਡੀਸ਼ੀਅਲ ਕੋਰਟ ਕੰਪਲੈਕਸ ਫੂਲ ਅਤੇ ਤਲਵੰਡੀ ਸਾਬੋ | ਕੰਟੀਨ | ਇੱਕ ਲੱਖ ਰੁਪਏ ਤਲਵੰਡੀ ਸਾਬੋ, ਇੱਕ ਲੱਖ ਰੁਪਏ ਫੂਲ |
| 2 | ਜੂਡੀਸ਼ੀਅਲ ਕੋਰਟ ਕੰਪਲੈਕਸ ਫੂਲ ਅਤੇ ਤਲਵੰਡੀ ਸਾਬੋ | ਪਾਰਕਿੰਗ | ਪਚੱਤਰ ਹਜ਼ਾਰ ਰੁਪਏ ਤਲਵੰਡੀ ਸਾਬੋ, ਇੱਕ ਲੱਖ ਰੁਪਏ ਫੂਲ |
| 3 | ਦੁਕਾਨ ਨੰਬਰ 1 | ਫੋਟੋ ਸਟੇਟ ਸਰਵਿਸ | ਵੀਹ ਹਜ਼ਾਰ ਰੁਪਏ ਤਲਵੰਡੀ ਸਾਬੋ, ਵੀਹ ਹਜ਼ਾਰ ਰੁਪਏ ਫੂਲ |
| 4 | ਦੁਕਾਨ ਨੰਬਰ 2 | ਪਟੀਸ਼ਨ ਰਾਈਟਰ/ਕੰਪਿਊਟਰ ਰਾਈਟਰ | ਵੀਹ ਹਜ਼ਾਰ ਰੁਪਏ ਤਲਵੰਡੀ ਸਾਬੋ, ਵੀਹ ਹਜ਼ਾਰ ਰੁਪਏ ਫੂਲ |
| 5 | ਦੁਕਾਨ ਨੰਬਰ 3 | ਸਟੇਸ਼ਨਰੀ/ਸਟੈਂਪ ਵੈਂਡਰ | ਵੀਹ ਹਜ਼ਾਰ ਰੁਪਏ ਤਲਵੰਡੀ ਸਾਬੋ, ਵੀਹ ਹਜ਼ਾਰ ਰੁਪਏ ਫੂਲ |

Daljit Kaur

**(ਦਲਜੀਤ ਕੌਰ) ਪੀ.ਸੀ.ਐਸ.**
**ਸਿਵਲ ਜੱਜ (ਸੀਨੀਅਰ ਡਵੀਜਨ)**
**ਬਠਿੰਡਾ।**